BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਸੌਕਰ ਸੈਂਟਰ ਦਾ ਨਾਮ ਬਦਲ ਕੇ ਸੇਵ ਮੈਕਸ ਸਪੋਰਟਸ ਸੈਂਟਰ ਰੱਖਿਆ ਜਾਵੇਗਾ

## ਸਿਟੀ ਨੇ ਸਭ ਤੋਂ ਪਹਿਲਾ ਜਨਤਕ ਫੈਸਿਲਿਟੀ ਨਾਮਕਰਣ ਅਧਿਕਾਰ ਐਗ੍ਰੀਮੈਂਟ ਪੂਰਾ ਕੀਤਾ

ਬ੍ਰੈਂਪਟਨ, ਓਨਟੈਰੀਓ (26 ਅਕਤੂਬਰ, 2020) – ਜਲਦੀ ਹੀ, ਬ੍ਰੈਂਪਟਨ ਸੌਕਰ ਸੈਂਟਰ (Brampton Soccer Centre), ਜੋ 1495 ਸੈਂਡਲਵੁੱਡ ਪਾਰਕਵੇ ਈਸਟ (1495 Sandalwood Parkway East) ਵਿਖੇ ਸਥਿਤ ਹੈ, ਦਾ ਨਵਾਂ ਨਾਮ – ਸੇਵ ਮੈਕਸ ਸਪੋਰਟਸ ਸੈਂਟਰ (Save Max Sports Centre) ਹੋਵੇਗਾ।

30 ਸਤੰਬਰ ਨੂੰ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਬ੍ਰੈਂਪਟਨ ਸੌਕਰ ਸੈਂਟਰ ਦੇ ਬਾਹਰ ਲੱਗੇ ਬੋਰਡ ਦੇ ਨਾਮਕਰਣ ਅਧਿਕਾਰਾਂ ਵਾਸਤੇ 2,512,500 ਡਾਲਰ ਲਈ, ਸਿਟੀ ਆਫ ਬ੍ਰੈਂਪਟਨ ਅਤੇ ਸੇਵ ਮੈਕਸ ਰੀਅਲ ਐਸਟੇਟ ਇੰਕ. (Save Max Real Estate Inc.) ਦੇ ਵਿਚਕਾਰ, 15-ਸਾਲਾ ਐਗ੍ਰੀਮੈਂਟ ਨੂੰ ਪ੍ਰਵਾਨਗੀ ਦਿੱਤੀ ਸੀ। ਇਹ ਐਗ੍ਰੀਮੈਂਟ ਪੂਰਾ ਹੋ ਗਿਆ ਹੈ ਅਤੇ ਇਹ ਕਾਰਵਾਈ, ਮਾਰਚ 2019 ਵਿੱਚ ਸਿਟੀ ਕਾਉਂਸਿਲ ਵੱਲੋਂ ਪ੍ਰਵਾਨ ਕੀਤੀ ਗਈ ਸਿਟੀ ਦੀ ਸਪਾਂਸਰਸ਼ਿਪ ਕਾਰਜਨੀਤੀ ਦੇ ਮੁਤਾਬਿਕ ਹੈ।

ਸਿਟੀ ਫੈਸਿਲਿਟੀ ਦੇ ਨਾਮਕਰਣ ਅਧਿਕਾਰਾਂ ਵਾਸਤੇ ਮਨਜ਼ੂਰੀ, ਉਸ ਫੈਸਿਲਿਟੀ ਦੇ ਸੰਚਾਲਨਾਂ ਅਤੇ ਭਵਿੱਖੀ ਵਾਧਿਆਂ ਨਾਲ ਜੁੜੇ ਖ਼ਰਚਿਆਂ ਵਿੱਚ ਸੰਤੁਲਨ ਕਾਇਮ ਕਰਨ ਵਾਸਤੇ ਨਵੀਂ ਮਾਲੀ ਆਮਦਨੀ ਪੈਦਾ ਕਰਨ ਦੇ ਸਥਿਰ ਸਾਧਨ ਪ੍ਰਦਾਨ ਕਰਦੀ ਹੈ। ਨਾਮਕਰਣ ਅਧਿਕਾਰਾਂ ਤੋਂ ਪ੍ਰਾਪਤ ਮਾਲੀ ਆਮਦਨੀ, ਟੈਕਸ ਦੇਣ ਵਾਲਿਆਂ ਤੇ ਵਾਧੂ ਖ਼ਰਚ ਪਾਉਣ ਦੀ ਬਜਾਏ, ਨਿਵਾਸੀਆਂ ਨੂੰ ਵੱਧ ਸੇਵਾ ਪ੍ਰਦਾਨ ਕਰਨ ਨਾਲ ਜੁੜੇ ਵਧੇ ਹੋਏ ਕੁਝ ਖ਼ਰਚਿਆਂ ਨੂੰ ਘਟਾਉਣ ਵਿੱਚ ਮਦਦ ਕਰੇਗੀ।

ਸਿਟੀ, ਆਉਣ ਵਾਲੇ ਕੁਝ ਮਹੀਨਿਆਂ ਵਿੱਚ ਹੀ ਸੈਂਟਰ ਦੇ ਬਾਹਰ ਲੱਗੇ ਸਾਈਨ ਬੋਰਡ ਦੇ ਨਾਲ-ਨਾਲ, ਸੜਕ ਤੇ ਲੱਗੇ ਸਾਈਨ ਬੋਰਡਾਂ, ਰਸਤਾ ਦੱਸਣ ਵਾਲੇ ਸੰਕੇਤਕਾਂ, ਪ੍ਰਸ਼ਾਸਕੀ ਅਤੇ ਪ੍ਰਚਾਰ ਸਮੱਗਰੀਆਂ ਨੂੰ ਬਦਲੇਗੀ।

ਭਾਈਚਾਰੇ ਨੂੰ ਵਾਪਸ ਦੇਣ ਵਾਸਤੇ, ਸੇਵ ਮੈਕਸ ਰੀਅਲ ਐਸਟੇਟ ਇੰਕ., ਸੇਵ ਮੈਕਸ ਸਪੋਰਟਸ ਸੈਂਟਰ ਵਿਖੇ, ਬ੍ਰੈਂਪਟਨ ਦੇ 10 ਤੋਂ 13 ਸਾਲ ਦੇ ਨੌਜਵਾਨਾਂ ਲਈ, ਸਕੂਲ ਸਮੇਂ ਤੋਂ ਬਾਅਦ ਦਾ ਇੱਕ ਮੁਫ਼ਤ ਡ੍ਰੌਪ-ਇਨ (ਬਿਨਾਂ ਬੁਕਿੰਗ ਦੇ) ਬਾਸਕੇਟਬਾਲ ਪ੍ਰੋਗਰਾਮ ਸਪਾਂਸਰ ਕਰੇਗੀ। ਨਿਯਤ ਨੌਜਵਾਨ-ਅਨੁਕੂਲਿਤ ਭਾਈਚਾਰੇ (designated youth-friendly community) ਵਜੋਂ, ਨੌਜਵਾਨ ਪ੍ਰੋਗਰਾਮਿੰਗ ਵਿੱਚ ਨਿਵੇਸ਼ ਕਰਨਾ, ਸਿਟੀ ਲਈ ਮੁੱਖ ਤਰਜੀਹ ਹੈ।

**ਨਾਮਕਰਣ ਅਧਿਕਾਰ ਅਤੇ ਸਪਾਂਸਰਸ਼ਿਪ**

ਮਾਰਚ 2019 ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ ਨੇ, ਪੂਰੇ ਸ਼ਹਿਰ ਵਿੱਚ ਸਪਾਂਸਰਸ਼ਿਪ ਕਾਰਜਨੀਤੀ ਅਤੇ ਇੱਕ ਅੱਪਡੇਟ ਕੀਤੀ ਸਪਾਂਸਰਸ਼ਿਪ ਅਤੇ ਨਾਮਕਰਣ ਅਧਿਕਾਰ ਨੀਤੀ (Sponsorship and Naming Rights Policy) ਗ੍ਰਹਿਣ ਕਰਨ ਦੇ ਹਿੱਸੇ ਵਜੋਂ, ਨਾਮਕਰਣ ਅਧਿਕਾਰਾਂ ਦੀ ਵਿਕਰੀ ਲਈ, ਸਿਟੀ ਦੀਆਂ ਫੈਸਿਲਿਟੀਜ ਦੀ ਛੋਟੀ ਸੂਚੀ ਨੂੰ ਪ੍ਰਵਾਨਗੀ ਦਿੱਤੀ ਸੀ। ਪੂਰੇ ਸ਼ਹਿਰ ਵਿੱਚ ਸਪਾਂਸਰਸ਼ਿਪ ਅਤੇ ਨਾਮਕਰਣ ਅਧਿਕਾਰਾਂ ਦਾ ਪ੍ਰੋਗਰਾਮ, ਨਿਵਾਸੀਆਂ ਲਈ ਵਧੇ ਹੋਏ ਅਨੁਭਵ ਤਿਆਰ ਕਰਦੇ ਹੋਏ, ਕਾਰੋਬਾਰੀਆਂ ਲਈ ਭਾਈਚਾਰੇ ਨਾਲ ਜੁੜਨ ਦੇ ਅਨੁਕੂਲਿਤ ਮੌਕੇ ਪੇਸ਼ ਕਰਦਾ ਹੈ। ਸਿਟੀ, ਵਧੇ ਹੋਏ ਵਿੱਤੀ ਦਬਾਵਾਂ ਦੇ ਨਾਲ, ਨਿਵਾਸੀਆਂ ਨੂੰ ਬਿਹਤਰ ਕਿਸਮ ਦੀ ਜ਼ਿੰਦਗੀ ਪ੍ਰਦਾਨ ਕਰਦੇ ਹੋਏ, ਟੈਕਸ ਦੇਣ ਵਾਲਿਆਂ ਤੇ ਅਸਰ ਨੂੰ ਘੱਟ ਕਰਨ ਲਈ ਵਚਨਬੱਧ ਹੈ। ਗੋਰ ਮੈਡੋਜ਼ ਕਮਿਊਨਿਟੀ ਸੈਂਟਰ (Gore Meadows Community Centre) ਅਤੇ ਟੈਰਾਮੋਟੋ ਕ੍ਰਿਕੇਟ ਫੀਲਡ (Teramoto Cricket Field) ਸਮੇਤ, ਸਪਾਂਸਰਸ਼ਿਪ ਅਤੇ ਨਾਮਕਰਣ ਅਧਿਕਾਰਾਂ ਦੇ ਉਪਲਬਧ ਮੌਕਿਆਂ ਬਾਰੇ ਜਾਣਨ ਲਈ, www.brampton.ca/sponsorship ਤੇ ਜਾਓ ਜਾਂ sponsorbrampton@brampton.ca ਤੇ ਈਮੇਲ ਕਰੋ।

**ਬ੍ਰੈਂਪਟਨ ਸੌਕਰ ਸੈਂਟਰ ਬਾਰੇ**

152,000 ਸਕਵੇਅਰ ਫੁੱਟ ਦੀ ਫੈਸਿਲਿਟੀ, ਤਿੰਨ ਇਨਡੋਰ ਘਾਹ ਦੇ ਮੈਦਾਨਾਂ, ਇੱਕ ਨਿਯਤ ਡਾਂਸ ਸਟੂਡਿਓ ਅਤੇ ਤਿੰਨ ਬਾਸਕੇਟਬਾਲ ਕੋਰਟਾਂ ਵਾਲੇ, ਪੂਰਾ ਸਾਲ ਚੱਲਣ ਵਾਲੇ, ਬੇਹੱਦ ਆਧੁਨਿਕ ਆਰਟ ਜਿਮਨੇਜੀਅਮ ਲਈ ਘਰ ਹੈ, ਜਿਸਨੂੰ ਸੰਪੂਰਨ-ਅਕਾਰ ਵਾਲੀ ਐਫ.ਆਈ.ਬੀ.ਏ. (FIBA) ਸੈਂਟਰ ਕੋਰਟ ਵਿੱਚ ਬਦਲਿਆ ਜਾ ਸਕਦਾ ਹੈ। ਆਊਟਡੋਰ ਸਹੂਲਤਾਂ ਵਿੱਚ ਸ਼ਾਮਲ ਹਨ, ਸਪੋਰਟਸ ਫੀਲਡ, ਬਾਸਕੇਟਬਾਲ ਕੋਰਟ, ਸਪ੍ਰੇ ਪੈਡ ਅਤੇ ਪਲੇਗ੍ਰਾਊਂਡ। ਇਸ ਪਤਝੜ ਪੂਰੇ ਕੀਤੇ ਜਾਣ ਵਾਸਤੇ ਯੋਜਨਾਬੱਧ ਨਵੀਆਂ ਸਹੂਲਤਾਂ ਵਿੱਚ ਸ਼ਾਮਲ ਹਨ, ਦੋ ਜਗਮਗਾਉਂਦੇ ਬਣਾਉਟੀ ਘਾਹ ਦੇ ਮੈਦਾਨ, ਸੀਜਨਲ ਡੋਮ ਸਟ੍ਰਕਚਰ, ਤਿੰਨ-ਲੇਨ ਵਾਲਾ 60-ਮੀਟਰ ਦਾ ਦੌੜਨ ਵਾਲਾ ਟ੍ਰੈਕ ਅਤੇ ਇੱਕ ਪਵੇਲਿਅਨ। ਔਸਤਨ, ਫੈਸਿਲਿਟੀ ਹਰ ਮਹੀਨੇ 75,000 ਵਿਜੀਟਰਾਂ ਦਾ ਸੁਆਗਤ ਕਰਦੀ ਹੈ। ਸੈਕੰਡਰੀ ਨਾਮਕਰਣ ਅਧਿਕਾਰ, ਇਨਡੋਰ ਫੀਲਡਸ ਅਤੇ ਕੋਰਟਾਂ ਦੇ ਨਾਲ-ਨਾਲ, ਨਵੀਆਂ ਆਊਟਡੋਰ ਸਹੂਲਤਾਂ ਲਈ ਉਪਲਬਧ ਹਨ। ਬ੍ਰੈਂਪਟਨ ਸੌਕਰ ਸੈਂਟਰ ਦਾ ਆਭਾਸੀ ਟੂਰ (virtual tour) ਲਵੋ।

**ਹਵਾਲੇ**

“ਇਹ ਐਲਾਨ ਕਰਦੇ ਹੋਏ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਜਲਦੀ ਹੀ, ਬ੍ਰੈਂਪਟਨ ਸੌਕਰ ਸੈਂਟਰ ਦਾ ਨਾਮ ਬਦਲ ਕੇ ਸੇਵ ਮੈਕਸ ਸਪੋਰਟਸ ਸੈਂਟਰ ਰੱਖ ਦਿੱਤਾ ਜਾਵੇਗਾ। ਇਹ ਸਿਟੀ ਅਤੇ ਸਥਿਰ ਭਾਈਚਾਰਕ ਨਿਵੇਸ਼ ਲਈ ਇੱਕ ਬਹੁਤ ਵੱਡਾ ਕਦਮ ਹੈ। ਅਸੀਂ ਨਿਵਾਸੀਆਂ ਤੇ ਘੱਟ ਅਸਰ ਪਾਉਣ ਵਾਲੇ ਗੈਰ-ਟੈਕਸ ਮਾਲੀ ਆਮਦਨੀ ਸਰੋਤ ਲੱਭਣ ਬਾਰੇ, ਨਿਵਾਸੀਆਂ ਦੀ ਰਾਏ ਲਈ। ਸਪਾਂਸਰਸ਼ਿਪ ਅਤੇ ਨਾਮਕਰਣ ਅਧਿਕਾਰ, ਮਾਲੀ ਆਮਦਨੀ ਪੈਦਾ ਕਰਨ ਦਾ ਇੱਕ ਨਵਾਂ ਤਰੀਕਾ ਹੈ, ਜਿਸ ਨਾਲ ਭਾਈਚਾਰੇ ਨੂੰ ਫਾਇਦਾ ਹੋਵੇਗਾ।”

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਇਹ ਨਿਵੇਸ਼, ਬਿਲਡਿੰਗ ਦਾ ਨਾਮ ਬਦਲਣ ਤੋਂ ਵਧ ਕੇ ਹੋਰ ਚੀਜ਼ ਬਾਰੇ ਹੈ – ਇਹ ਉਸ ਮੌਕੇ ਅਤੇ ਸਾਡੀਆਂ ਸਹੂਲਤਾਂ ਵਿੱਚ ਹੋਰ ਵਾਧਾ ਕਰਨ ਬਾਰੇ ਹੈ, ਜਿਸ ਨਾਲ ਸੰਚਾਲਨ ਸਬੰਧੀ ਕੁਝ ਖ਼ਰਚਿਆਂ ਦਾ ਬੋਝ ਟੈਕਸ ਦੇਣ ਵਾਲਿਆਂ ਉੱਤੇ ਪਾਉਣ ਦੀ ਬਜਾਏ, ਉਹਨਾਂ ਨੂੰ ਰੋਕਿਆ ਜਾ ਸਕਦਾ ਹੈ। ਵਾਧੂ ਮਾਲੀ ਆਮਦਨ ਨਾਲ ਅਸੀਂ ਸੈਂਟਰ ਦੇ ਵਰਤੋਂਕਾਰਾਂ ਨੂੰ ਹੋਰ ਵਧੀਆ ਸੇਵਾਵਾਂ ਪ੍ਰਦਾਨ ਕਰ ਸਕਦੇ ਹਾਂ।”

– *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

“ਬ੍ਰੈਂਪਟਨ ਸੌਕਰ ਸੈਂਟਰ, ਬ੍ਰੈਂਪਟਨ ਵਿੱਚ ਅਸਲੀ ਇਤਿਹਾਸਕ ਚਿੰਨ੍ਹ ਵਾਲੀ ਸਪੋਰਟਸ ਫੈਸਿਲਿਟੀ ਹੈ। ਮੈਂ ਇਸ ਭਾਈਵਾਲੀ ਦਾ ਸੁਆਗਤ ਕਰਦੀ ਹਾਂ ਅਤੇ ਨੌਜਵਾਨਾਂ ਨੂੰ ਮੁਫ਼ਤ ਬਾਸਕੇਟਬਾਲ ਪ੍ਰੋਗਰਾਮਿੰਗ ਪ੍ਰਦਾਨ ਕਰਨ ਲਈ ਸੇਵ ਮੈਕਸ ਰੀਅਲ ਐਸਟੇਟ ਇੰਕ. ਦੀ ਪ੍ਰਸ਼ੰਸਾ ਕਰਦੀ ਹਾਂ। ਕੈਨੇਡਾ ਵਿੱਚ ਸਭ ਤੋਂ ਵੱਧ ਨੌਜਵਾਨ ਅਬਾਦੀ ਵਾਲੇ ਸ਼ਹਿਰਾਂ ਵਿੱਚੋਂ ਇੱਕ ਵਜੋਂ, ਅਸੀਂ ਜਾਣਦੇ ਹਾਂ ਕਿ ਨੌਜਵਾਨਾਂ ਨੂੰ ਜ਼ਰੂਰੀ ਗਤੀਵਿਧੀਆਂ ਪ੍ਰਦਾਨ ਕਰਨਾ ਬੇਹੱਦ ਲਾਜ਼ਮੀ ਹੈ, ਜੋ ਉਹਨਾਂ ਦੀ ਸਮੁੱਚੀ ਭਲਾਈ ਵਿੱਚ ਮਦਦ ਕਰਨ ਵਾਲੀਆਂ ਹੋਣ।”

– *ਸ਼ਾਰਮੇਨ ਵਿਲੀਅਮਸ (Charmaine Williams), ਸਿਟੀ ਕਾਉਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

“ਸਿਟੀ ਦਾ ਸਟਾਫ਼, ਸਿਟੀ ਦੇ ਕਈ ਪ੍ਰੋਗਰਾਮਾਂ, ਪਹਿਲਕਦਮੀਆਂ ਅਤੇ ਕਾਰਜਕਰਮਾਂ ਲਈ ਸਪਾਂਸਰਸ਼ਿਪ ਸੁਰੱਖਿਅਤ ਰੱਖਣ ਵਾਸਤੇ, ਕਾਰੋਬਾਰੀਆਂ ਦੇ ਨਾਲ ਭਾਈਵਾਲੀਆਂ ਕਰਨ ਤੇ ਪੂਰੀ ਮਿਹਨਤ ਨਾਲ ਕੰਮ ਕਰ ਰਿਹਾ ਹੈ, ਜੋ ਸਫਲ ਸਿੱਧ ਹੋਏ ਹਨ। ਫੈਸਿਲਿਟੀ ਦੇ ਨਾਮਕਰਣ ਅਧਿਕਾਰਾਂ ਨੂੰ ਵੇਚਣਾ, ਮਾਲੀ ਆਮਦਨ ਦੇ ਵਿਕਲਪਿਕ ਸਰੋਤ ਲੱਭਣ ਵਿੱਚ ਸਹੀ ਦਿਸ਼ਾ ਵਿੱਚ ਚੁੱਕਿਆ ਗਿਆ ਕਦਮ ਹੈ, ਤਾਂ ਜੋ ਸਾਡੇ ਭਾਈਚਾਰੇ ਨੂੰ ਵਧੀਆਂ ਹੋਈਆਂ ਸੇਵਾਵਾਂ ਅਤੇ ਪ੍ਰੋਗਰਾਮ ਪ੍ਰਦਾਨ ਕਰਨਾ ਜਾਰੀ ਰੱਖਿਆ ਜਾ ਸਕੇ।”

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਮੇਰੇ ਦਿਲ ਵਿੱਚ ਬ੍ਰੈਂਪਟਨ ਦੀ ਬਹੁਤ ਖਾਸ ਜਗ੍ਹਾ ਬਣੀ ਹੋਈ ਹੈ, ਕਿਉਂਕਿ ਜਦੋਂ ਮੈਂ 2003 ਵਿੱਚ ਕੈਨੇਡਾ ਆਇਆ ਸੀ ਤਾਂ ਇਹ ਮੇਰਾ ਪਹਿਲਾ ਘਰ ਸੀ। ਉਸਤੋਂ ਬਾਅਦ ਇਸਨੇ ਮੈਨੂੰ ਬਹੁਤ ਮਦਦ ਅਤੇ ਸਫਲਤਾ ਪ੍ਰਦਾਨ ਕੀਤੀ ਹੈ। ਸੇਵ ਮੈਕਸ ਵਿਖੇ ਅਸੀਂ ਇਸ ਨਵੀਂ ਭਾਈਵਾਲੀ ਨੂੰ ਲੈ ਕੇ ਉਤਸ਼ਾਹਿਤ ਹਾਂ। ਜਦੋਂ ਨੌਜਵਾਨ ਪੀੜ੍ਹੀ ਦੀ ਗੱਲ ਆਉਂਦੀ ਹੈ, ਤਾਂ ਅਸੀਂ ਬਹੁਤ ਜੋਸ਼ ਅਤੇ ਸ਼ਮੂਲੀਅਤ ਨਾਲ ਕੰਮ ਕਰਦੇ ਹਾਂ। ਅਸੀਂ ਮੰਨਦੇ ਹਾਂ ਕਿ ਰੇਕ੍ਰੀਏਸ਼ਨ ਸਬੰਧੀ ਗਤੀਵਿਧੀਆਂ ਵਿੱਚ ਨਿਵੇਸ਼

ਕਰਨਾ, ਨੌਜਵਾਨਾਂ ਦੇ ਵਿਕਾਸ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਇਸ ਨਾਲ ਨੌਜਵਾਨਾਂ ਨੂੰ ਵਿਕਸਿਤ ਹੋਣ ਵਾਸਤੇ ਸਿਹਤਮੰਦ ਵਾਤਾਵਰਣ ਮਿਲਦਾ ਹੈ। ਇਹ ਸਾਡੀ ਖੁਸ਼ਕਿਸਮਤੀ ਹੈ ਕਿ ਅਸੀਂ ਇਸ ਤਰੀਕੇ ਨਾਲ ਸਿਟੀ ਨੂੰ ਵਾਪਸ ਦੇਣ ਦੇ ਯੋਗ ਹਾਂ ਅਤੇ ਸਾਡੇ ਵਿਚਾਰ ਵਿੱਚ ਹੁਣ ਭਾਈਚਾਰੇ ਲਈ ਕੁਝ ਚੰਗਾ ਕਰਨਾ, ਉਹਨਾਂ ਨੂੰ ਧੰਨਵਾਦ ਕਹਿਣ ਦਾ ਵੀ ਸਾਡਾ ਤਰੀਕਾ ਹੈ।"

– *ਰਮਨ ਦੁਆ (Raman Dua), ਚੀਫ ਐਗਜੀਕਿਉਟਿਵ ਅਫਸਰ ਅਤੇ ਮਾਲਕ, ਸੇਵ ਮੈਕਸ ਰੀਅਲ ਐਸਟੇਟ ਇੰਕ.*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca

ਲਵਲੀਨ ਧੀਮਾਨ (Loveleen Dhiman)
ਡਾਇਰੈਕਟਰ ਆਫ ਮਾਰਕੀਟਿੰਗ, ਸੇਵ ਮੈਕਸ ਰੀਅਲ ਐਸਟੇਟ
905.459.7900 ਐਕਸਟੈਨਸ਼ਨ 122 | loveleen@savemax.ca